ਪੰਜਾਬ ਸਕੂਲ ਸਿੱਖਿਆ ਬੋਰਡ

ਜਨਤਕ ਨਿਯੁਕਤੀਆਂ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 04 ਪ੍ਰਿੰਸੀਪਲ, 13 ਲੈਕਚਰਾਰ (ਪੀ.ਜੀ.ਟੀ.) 20 ਮਾਸਟਰ/ਮਿਸਟ੍ਰੈਸ(ਟੀ.ਜੀ.ਟੀ.) , 13 ਜੇ.ਬੀ.ਟੀ./ਈ.ਟੀ.ਟੀ. ਅਤੇ 11 ਐਨ.ਟੀ.ਟੀ. ਦੀਆਂ ਅਸਾਮੀਆਂ ਠੇਕੇ (ਕੰਟਰੈਕਟ ਆਧਾਰ) ਤੇ ਭਰਨ ਲਈ ਵੱਖ-ਵੱਖ ਅਖਬਾਰਾਂ ਵਿੱਚ ਮਿਤੀ 2.8.13 ਨੂੰ ਦਿੱਤੇ ਇਸਤਿਹਾਰ ਦੇ ਸਬੰਧ ਵਿੱਚ ਪ੍ਰਾਪਤ ਹੋਈਆਂ ਅਰਜੀਆਂ ਪ੍ਰਬੰਧਕੀ ਕਾਰਨਾਂ ਕਰਕੇ ਰੱਦ ਕੀਤੀਆਂ ਜਾਂਦੀਆਂ ਹਨ। ਹੁਣ ਨਵੇਂ ਸਿਰਿਓਂ ਇਨਾਂ ਅਸਾਮੀਆਂ ਨੂੰ ਠੇਕੇ (ਕੰਟਰੈਕਟ ਆਧਾਰ) ਤੇ ਭਰਨ ਲਈ ਯੋਗ ਉਮੀਦਵਾਰਾਂ ਤੋਂ ਬੋਰਡ ਦੀ ਵੈਬਸਾਈਟ www.pseb.ac.in ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ ਅਤੇ ਇਨਾਂ ਅਸਾਮੀਆਂ ਨਾਲ ਸਬੰਧਤ ਸ਼ਰਤਾਂ ( terms and conditions) ਦੇ ਨਾਲ ਨਾਲ ਵਿਸਥਾਰ ਪੂਰਵਕ ਜਰੂਰੀ ਜਾਣਕਾਰੀ ਬੋਰਡ ਦੀ ਵੈਬਸਸਾਈਟ www.pseb.ac.in ਤੇ ਉਪਲਬਧ ਹੈ। ਜਿਹਨਾਂ ਉਮੀਦਵਾਰਾਂ ਨੇ ਪਹਿਲਾਂ ਅਪਲਾਈ ਕੀਤਾ ਸੀ, ਉਹਨਾਂ ਤੋਂ ਮੁੜ ਫੀਸ ਨਹੀਂ ਲਈ ਜਾਵੇਗੀ, ਨਵੇਂ ਉਮੀਦਵਾਰ ਬਣਦੀ ਫੀਸ ਬੋਰਡ ਦੇ ਖੇਤਰੀ ਦਫਤਰ ਵਿੱਚ ਜਮਾਂ ਕਰਵਾਉਣ ਉਪਰੰਤ ਅਪਲਾਈ ਕਰਨਗੇ ਅਤੇ ਕਾਉਂਸਲਿੰਗ ਸਮੇਂ ਅਸਲ ਰਸੀਦ ਨਾਲ ਲੈ ਕੇ ਆਉਣਗੇ। ਜਨਰਲ ਕੈਟਾਗਰੀ ਦੇ ਉਮੀਦਵਾਰ ਲਈ 400/- ਰੁਪਏ ਅਤੇ ਐਸ.ਸੀ./ਬੀ.ਸੀ. ਕੈਟੇਗਰੀ ਦੇ ਉਮੀਦਵਾਰ ਲਈ 200/- ਰੁ: ਫੀਸ ਨਿਰਧਾਰਤ ਕੀਤੀ ਗਈ ਹੈ। ਇਹਨਾਂ ਅਸਾਮੀਆਂ ਲਈ ਆਨਲਾਈਨ ਅਰਜੀਆ ਭਰਨ ਦੀ ਆਖਰੀ ਮਿਤੀ 05-11-2013 ਸ਼ਾਮ 05:00 ਵਜੇ ਤੱਕ ਹੋਵੇਗੀ।

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ।

## ਪੰਜਾਬ ਸਕੂਲ ਸਿੱਖਿਆ ਬੋਰਡ

ਵਿੱਦਿਆ ਭਵਨ , ਫੇਜ 8, ਐਸ.ਏ.ਐਸ.ਨਗਰ

### ਜਨਤਕ ਨਿਯੁਕਤੀਆਂ

1) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਚਲਾਏ ਜਾ ਰਹੇ ਆਦਰਸ਼ ਸੀਨੀਅਰ ਸਕੈਂਡਰੀ ਸਕੂਲਾਂ ਲਈ ਵਿਦਿਅਕ ਅਮਲੇ ਲਈ ਅਸਾਮੀਆਂ ਤੇ ਅਮਲੇ ਦੀ ਭਰਤੀ ਲਈ ਯੋਗ ਉਮੀਦਵਾਰਾਂ ਵੱਲੋਂ ਬੋਰਡ ਦੀ ਵੈਬਸਾਈਟ (website) www.pseb.ac.in ਤੇ ਆਨ ਲਾਈਨ (ON LINE) ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।

2) **ਵਿਦਿਅਕ ਯੋਗਤਾਵਾਂ/ ਤਨਖਾਹ**

| Sr. No. | Name of post /pay | No. of posts | Qualifications |
|---|---|---|---|
| 1 | Principal<br><br>Rs22200/-<br>(consolidated per month) | 04 | Post Graduation with minimum 50% marks and B.Ed/B.T from Recognised university.<br>And<br>Atleast 6 years Experience as Principal/Head Master from Govt./Aided/Recognized /Affiliated schools with central/any state Board.<br>or<br>At least 10 years Experience as a lecturer from Govt./Aided/Recognized and Affiliated schools with central/ any other State Board |
| 2 | Lecturer<br><br>Rs.15700/-<br>(consolidated per month) | 13<br>English-01<br>Punjabi-02<br>History-03<br>Political Science-01<br>Math-02<br>Physics-01<br>Chemistry-02 | M.A/M.Sc. with B.T. /B.Ed (in concerned Subject) from Recognised university. |
| | | Computer-01 | M.Tech(IT/CS)/M.E (CS)/MCA/MSC(IT/CS) from Recoginzed University . |

| | | | |
|---|---|---|---|
| 3 | Master/Mistress (T.G.T.)<br><br>Rs15300/- (Consolidated per month) | 20 | |
| | | English (T.G.T.)-04 | i) Graduation with English as an Elective Subject during the three year of graduation from any Recognised University.<br><br>ii) B.Ed with teaching subject of English<br>iii) Punjab State Teacher Eligibilty Test – II Passed. |
| | | Punjabi (T.G.T.)-02 | i) Graduation with Punjabi as an Elective Subject during the three year of graduation from any Recognised University.<br>ii) B.Ed with teaching subject of Punjabi<br>iii) Punjab State Teacher Eligibilty Test – II Passed. |
| | | Hindi (T.G.T.)-02 | i) Graduation with Hindi as an Elective Subject during the three year of graduation from any Recognised University.<br>ii) B.Ed with teaching subject of Hindi<br>iii) Punjab State Teacher Eligibilty Test – II Passed. |
| | | Social Studies (T.G.T.) -02 | i) B.A. with subject combination as approved by Government from time to time with B.T. /B.Ed<br>ii) Candidate must have studied any two of the following subjects during three year of Graduation :-<br>History, Political Science, Public Adminstration, Psychology, Sociology, Economics, Geography, Elective English.<br>iii) Punjab State Teacher Eligibilty Test – II Passed. |
| | | Computer (T.G.T.)-02<br><br>Non P.S.T.E.T. | 3 years Diploma (Comp.Sci.& Engg. / Information technology)/B.C.A/B.Sc. (I.T./CS/Internet Science)/BIT/B level of DOEACC/B.E.(I.T/Comp.Sci)/B.Tech(I.T./Comp.Sci.)/ BCAM/B.Sc. (Information System /Science)/BMIT/AMIE examination of IETE in Comp.Sci. and Engg./M.Sc. (I.T./Comp.Sci./Software system)/MIS/MIT/ M.Tech. (Comp.Sci.)/M.Sc. (Networking and Protocol Designing)/M.Sc. (I.T.) with atleast 50% marks .<br>(Educational qualification must be from a recognized University / Board).<br>Computer as a Single Subject will not be considered. |

| | | | |
|---|---|---|---|
| | | Physical Education (T.G.T.)—04<br><br>Non P.S.T.E.T. | Graduatation with B.PEd<br>or<br>Graduation with D.PEd<br>or<br>Four year Bachelor degree in Physical Education. |
| | | Home Science (T.G.T.)-01 | Diploma/Degree in Home Science with B.T./ B.Ed from a recognized institution/University<br>ii) Punjab State Teacher Eligibilty Test – II Passed. |
| | | Science (T.G.T.)-01 | B.Sc with B.T./B.Ed<br>Candidate must have studied any two of the following subjects during B.Sc:<br>Physics, Chemistry,Botany, Zology and Math<br>ii) Punjab State Teacher Eligibilty Test – II Passed. |
| | | Music (T.G.T.)-02 | i)Graduation with Music as a subject during the three year of graduation from a Recognized University<br>ii) B.Ed with teaching subject of Music<br>iii) Punjab State Teacher Eligibilty Test – II Passed. |
| 4 | J.B.T/E.T.T<br><br>Rs14500/-(consolidated per month) | 13 | i) 10+2 with Elementary Teachers Training two year course from Punjab/any other State/ Union Territory declared equivalent and Recognized by Punjab Government<br><br>ii)Punjab State Teacher Eligibilty Test – I Passed). |
| 5 | N.T.T.<br>Rs6000/-(consolidated per month) | 11 | 10+2 with N.T.T. |

2.1) ਉਮੀਦਵਾਰ ਨੇ ਜਰੂਰੀ ਜਾਂ ਇਲੈਕਟਿਵ ਵਿਸ਼ੇ ਵਜੋਂ ਮੈਟ੍ਰਿਕ ਪ੍ਰੀਖਿਆ ਪੰਜਾਬੀ ਭਾਸ਼ਾ ਵਿੱਚ ਜਾਂ ਕੋਈ ਵੀ ਹੋਰ ਇਸਦੇ ਬਰਾਬਰ ਜਾਂ ਇਸ ਤੋਂ ਉਚੇਰੀ ਸ਼੍ਰੇਣੀ ਵਿੱਚ ਪੰਜਾਬੀ ਵਿਸ਼ੇ ਵਿੱਚ ਪ੍ਰੀਖਿਆ ਪਾਸ ਕੀਤੀ ਹੋਵੇ।

2.2) ਉਮੀਦਵਾਰ ਉਪਰੋਕਤ ਅਸਾਮੀਆਂ ਲਈ ਨਿਰਧਾਰਿਤ ਵਿਦਿਅਕ ਕਿੱਤਾ ਮੁੱਖੀ ਯੋਗਤਾਵਾਂ ਅਤੇ ਬਾਕੀ ਸ਼ਰਤਾ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਪੂਰੀਆ ਕਰਦਾ ਹੋਣਾ ਜਰੂਰੀ ਹੈ।

3) ਅਸਾਮੀਆਂ ਦਾ ਵਰਗੀਕਰਨ

ਪ੍ਰਿੰਸੀਪਲ:-04

| ਲੜੀ ਨੰ: | ਕੈਟਾਗਰੀ | ਅਸਾਮੀਆਂ ਦੀ ਗਿਣਤੀ |
|---|---|---|
| 1 | ਜਨਰਲ | 03 |
| 2 | ਅਨੁਸੂਚਿਤ ਜਾਤੀ | 01 |

ਲੈਕਚਰਾਰ:-13

| ਲੜੀ ਨੰ: | ਕੈਟਾਗਰੀ | ਅਸਾਮੀਆਂ ਦੀ ਗਿਣਤੀ |
|---|---|---|
| 1 | ਜਨਰਲ | 06 |
| 2 | ਅਨੁਸੂਚਿਤ ਜਾਤੀ | 04 |
| 3 | ਸਾਬਕਾ ਫੌਜੀ | 01 |
| 4 | ਪੱਛੜੀ ਸ਼੍ਰੇਣੀ | 01 |
| 5 | ਅੰਗਹੀਣ | 01 |

ਮਾਸਟਰ/ ਮਿਸਟ੍ਰੈਸ:-20

| ਲੜੀ ਨੰ: | ਕੈਟਾਗਰੀ | ਅਸਾਮੀਆਂ ਦੀ ਗਿਣਤੀ |
|---|---|---|
| 1 | ਜਨਰਲ | 10 |
| 2 | ਅਨੁਸੂਚਿਤ ਜਾਤੀ | 05 |
| 3 | ਸਾਬਕਾ ਫੌਜੀ | 02 |
| 4 | ਪੱਛੜੀ ਸ਼੍ਰੇਣੀ | 02 |
| 5 | ਅੰਗਹੀਣ | 01 |

ਜੇ.ਬੀ.ਟੀ./ ਈ.ਟੀ.ਟੀ.:-13

| ਲੜੀ ਨੰ: | ਕੈਟਾਗਰੀ | ਅਸਾਮੀਆਂ ਦੀ ਗਿਣਤੀ |
|---|---|---|
| 1 | ਜਨਰਲ | 06 |
| 2 | ਅਨੁਸੂਚਿਤ ਜਾਤੀ | 04 |
| 3 | ਸਾਬਕਾ ਫੌਜੀ | 01 |
| 4 | ਪੱਛੜੀ ਸ਼੍ਰੇਣੀ | 01 |
| 5 | ਅੰਗਹੀਣ | 01 |

ਐਨ.ਟੀ.ਟੀ.:-11

| ਲੜੀ ਨੰ: | ਕੈਟਾਗਰੀ | ਅਸਾਮੀਆਂ ਦੀ ਗਿਣਤੀ |
|---|---|---|
| 1 | ਜਨਰਲ | 05 |
| 2 | ਅਨੁਸੂਚਿਤ ਜਾਤੀ | 03 |
| 3 | ਸਾਬਕਾ ਫੌਜੀ | 01 |
| 4 | ਪੱਛੜੀ ਸ਼੍ਰੇਣੀ | 01 |
| 5 | ਅੰਗਹੀਣ | 01 |

4) **ਉਮਰ ਸੀਮਾ:**

4.1) ਮਿਤੀ: 01.01.2013 ਨੂੰ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

4.2) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

4.3) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

4.4) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਆਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸਟਤਾਂ ਦੇਣੀ ਪਵੇਗੀ।

4.5) ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਨੂੰ ਉਮਰ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਤੱਕ ਹੋਵੇਗੀ।

4.6) ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਪਰਲੀ ਉਮਰ ਸੀਮਾ ਦੀ ਹੱਦ 47 ਸਾਲ ਤੱਕ ਹੋਵੇਗੀ।

***ਉਪਰਲੀ ਉੱਮਰ ਸੀਮਾ ਵਿੱਚ ਛੋਟ ਲੈਣ ਸਬੰਧੀ ਦਸਤਾਵੇਜ ਪੇਸ਼ ਕਰਨੇ ਜਰੂਰੀ ਹਨ ।**

ਨੋਟ:

- ਜੇ.ਬੀ.ਟੀ/ਈ.ਟੀ.ਟੀ ਦੀ ਅਸਾਮੀ ਲਈ ਪੰਜਾਬ ਟੀ.ਈ.ਟੀ ਟੈਸਟ (ਪੇਪਰ 1) ਅਤੇ ਟੀ.ਜੀ.ਟੀ ਦੀ ਅਸਾਮੀ ਲਈ ਪੰਜਾਬ ਸਰਕਾਰ ਦੁਆਰਾ ਲਿਆ ਗਿਆ ਪੰਜਾਬ ਟੀ.ਈ.ਟੀ ਟੈਸਟ (ਪੇਪਰ-2) ਪਾਸ ਕੀਤਾ ਹੋਵੇ। (ਸਿਵਾਏ ਸਰੀਰਿਕ ਸਿੱਖਿਆ, ਡਰਾਇੰਗ ਟੀਚਰ ਅਤੇ ਕੰਪਿਊਟਰ ਟੀਚਰ)
- ਐਨ.ਸੀ.ਟੀ.ਈ. ਦੇ ਨਵੇਂ ਪ੍ਰਚਲਤ ਰੂਲਾਂ ਅਤੇ ਆਰ.ਟੀ.ਈ. ਐਕਟ ਦੀ ਮੰਗ ਅਨੁਸਾਰ ਟੀ.ਜੀ.ਟੀ ਅਸਾਮੀਆਂ ਲਈ ਗਰੈਜੂਏਸ਼ਨ ਦੇ ਘੱਟੋਂ ਘੱਟ ਅੰਕ 50% ਹੋਣੇ ਲਾਜਮੀ ਹੋਣਗੇ ਅਤੇ ਇਸ ਵਿੱਚ ਐਸ.ਸੀ/ਐਸ.ਟੀ ਅਤੇ ਬੀ.ਸੀ ਕੈਟਾਗਿਰੀ ਹੋਣ ਦੀ ਸੂਰਤ ਵਿੱਚ 5% ਦੀ ਛੋਟ ਹੋਵੇਗੀ।

- ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਭਰਤੀ ਸਬੰਧੀ ਸ਼ਰਤਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਅਪਲਾਈ ਕਰਨ।
- ਉਮੀਦਵਾਰਾਂ ਦੀ ਪ੍ਰੋਵੀਜਨਲ ਮੈਰਿਟ ਬਣਾਉਣ ਉੱਪਰੰਤ ਅਸਾਮੀਆਂ ਦੇ ਪੰਜ ਗੁਣਾ ਉਮਦੀਵਾਰਾਂ ਨੂੰ ਕਾਉਸਲਿੰਗ ਲਈ ਬੁਲਾਇਆ ਜਾਵੇਗਾ ਅਤੇ ਕਾਉਸਲਿੰਗ ਤੋਂ ਬਾਅਦ ਉਮੀਦਵਾਰਾਂ ਨੂੰ ਭਰਤੀ ਬੋਰਡ ਸਾਹਮਣੇ ਇੰਟਰਵਿਉ ਲਈ ਬੁਲਾਇਆ ਜਾਵੇਗਾ। ਇੰਟਰਵਿਉ ਦੇਣ ਵਾਲੇ ਯੋਗ ਉਮੀਦਵਾਰਾਂ ਦੀ ਫਾਈਨਲ ਮੈਰਿਟ ਬੋਰਡ ਦੀ ਵੈਬਸਾਈਟ ਤੇ ਉਪਲਬਧ ਕਰਵਾਈ ਜਾਵੇਗੀ।

5) **ਰਿਜਰਵੇਸ਼ਨ ਸਰਟੀਫਿਕੇਟ**

5.1) ਜਿਹੜਾ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਸਬੰਧਤ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਜਾਤੀ ਸਰਟੀਫਿਕੇਟ ਪੇਸ਼ ਕਰਨਗੇ। ਇਸ ਸਰਟੀਫਿਕੇਟ ਵਿੱਚ ਜਾਤੀ ਸਪਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਦਾ ਰਾਖਵਾਕਰਨ ਪੰਜਾਬ ਅਨੁਸੂਚਿਤ ਜਾਤੀਆ ਅਤੇ ਪੱਛੜੀ ਸ੍ਰੇਣੀਆ (ਨੌਕਰੀਆ ਵਿੱਚ ਰਾਖਵਾਕਰਨ) ਐਕਟ 2006 ਅਨੁਸਾਰ ਹੋਵੇਗਾ।

5.2) ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਵਿਗਿਆਪਨ ਅਨੁਸਾਰ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਇੱਕ ਸਾਲ ਦੇ ਅੰਦਰ-ਅੰਦਰ ਜਾਰੀ ਹੋਇਆ ਚਾਹੀਦਾ ਹੈ ਅਤੇ ਇਹ ਸਰਟੀਫਿਕੇਟ ਪੰਜਾਬ ਸਰਕਾਰ ਭਲਾਈ ਵਿਭਾਗ ਵੱਲੋਂ ਜਾਰੀ ਪੱਤਰ ਮਿਤੀ: 17.01.1994, 17.08.2005 ਅਤੇ ਮਿਤੀ: 24.02.2009 ਅਨੁਸਾਰ ਬਣਿਆ
ਹੋਣਾ ਚਾਹੀਦਾ ਹੈ।

5.3) ਪੱਛੜੀਆਂ ਸ਼੍ਰੇਣੀਆਂ ਦੇ ਉਹ ਇਸਤਰੀ ਉਮੀਦਵਾਰ ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਕਾਊਂਸਲਿੰਗ ਸਮੇਂ ਉਹ ਸਰਟੀਫਿਕੇਟ, ਜਿਸ ਵਿੱਚ ਪਿਤਾ ਦਾ ਨਾਮ ਦਰਜ ਹੈ ਜਾਂ ਪਿਤਾ ਦਾ ਪਛੜੀ ਸ਼੍ਰੇਣੀ ਦਾ ਸਰਟੀਫਿਕੇਟ ਵੀ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਪੱਛੜੀ ਸ਼੍ਰੇਣੀ ਵਿੱਚ ਨਹੀ ਵਿਚਾਰੀ ਜਾਵੇਗੀ।

5.4) ਸੁਤੰਤਰਤਾ ਸੰਗਰਾਮੀ ਕੋਟੇ ਅਧੀਨ ਰਾਖਵਾਕਰਨ ਲੈਣ ਵਾਲੇ ਉਮੀਦਵਾਰ ਸਰਕਾਰ ਵੱਲੋਂ ਜਾਰੀ ਪੱਤਰ ਨੰ: 16/57-97-8-3 ਸਪੈਸਲ/503 ਮਿਤੀ: 27.11.2000 ਅਨੁਸਾਰ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਅਸਲ ਸਰਟੀਫਿਕੇਟ ਜੋ ਵਿਗਿਆਪਨ ਵਿੱਚ ਅਪਲਾਈ ਕਰਨ ਦੀ ਨਿਸ਼ਚਿਤ ਕੀਤੀ ਆਖਰੀ ਮਿਤੀ ਤੋਂ ਪਹਿਲਾ ਦਾ ਬਣਿਆ, ਕਾਊਂਸਲਿੰਗ ਸਮੇਂ ਪੇਸ਼ ਕਰਨਗੇ ।

5.5) ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ ਨੂੰ ਕਾਊਸਲਿੰਗ ਸਮੇਂ ਇਹ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ, ਜਿਸ ਵਿੱਚ ਇਹ ਦਰਸਾਇਆ ਹੋਵੇ ਕਿ ਉਹਨਾਂ ਨੇ ਸਟੇਟ ਪੱਧਰੀ ਫੈਡਰੇਸ਼ਨ ਦੁਆਰਾ ਅਯੋਜਿਤ ਕੀਤੀ ਪੰਜਾਬ ਉਲੰਪਿਕ ਐਸੋਸੀਏਸ਼ਨ ਨਾਲ ਐਫੀਲੀਏਟਿਡ ਡਿਸਿਪਲਿਨ ਵਿੱਚ ਸਟੇਟ ਪੱਧਰੀ ਚੈਂਪੀਅਨਸ਼ਿਪ ਵਿੱਚ ਵਿਅਕਤੀਗਤ ਈਵੈਂਟ ਜਾਂ ਟੀਮ ਵਿੱਚ ਪਹਿਲੀ, ਦੂਸਰੀ ਜਾਂ ਤੀਸਰੀ ਪੁਜੀਸ਼ਨ ਜਿੱਤੀ ਹੈ। ਪ੍ਰਸਿੱਧ ਨਾਨ ਉਲੰਪਿਕ

ਡਿਸਿਪਲਿਨ ਜਿਵੇ ਕ੍ਰਿਕਟ ਅਤੇ ਟੈਨਿਸ ਦੇ ਮਾਮਲੇ ਵਿੱਚ ਜੇਤੂ ਨੇ ਸਬੰਧਿਤ ਨੈਸ਼ਨਲ ਫੈਡਰੇਸ਼ਨ ਨਾਲ ਐਫੀਲੀਏਟਿਡ ਸਟੇਟ ਪੱਧਰੀ ਐਸੋਸੀਏਸ਼ਨ ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਵਿੱਚੋ ਕੋਈ ਵੀ ਇੱਕ ਪੁਜੀਸ਼ਨ ਪ੍ਰਾਪਤ ਕੀਤੀ ਹੋਵੇ। ਖਿਡਾਰੀ ਕੋਟੇ ਦੀ ਸ੍ਰੇਣੀ ਅਧੀਨ ਬਿਨੈ ਕਰਨ ਵਾਲੇ ਉਮੀਦਵਾਰਾਂ ਦੇ ਮਾਮਲੇ ਵਿੱਚ ਨਿਰਦੇਸ਼ਕ, ਖੇਡਾਂ, ਪੰਜਾਬ ਦੁਆਰਾ ਗਰੇਡਿਡ ਖੇਡਾਂ ਦਾ ਸਰਟੀਫਿਕੇਟ ਜਾਰੀ ਕੀਤਾ ਹੋਵੇ।

5.6) ਅਪਾਹਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਲਾਕ ਵਿਕਾਸ ਵਿਭਾਗ ਦੇ ਪੱਤਰ ਨੰ: 10/26/95-5ਐਸ.ਐਸ/1252 ਮਿਤੀ: 02.05.97 ਅਨੁਸਾਰ ਹੋਵੇਗਾ ਉਮੀਦਵਾਰ ਵਿਗਿਆਪਨ ਵਿੱਚ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਦਾ ਬਣਿਆਂ ਸਮਰੱਥ ਅਧਿਕਾਰੀ ਦੁਆਰਾ ਅਪਾਹਜ ਹੋਣ ਦਾ ਸਰਟੀਫਿਕੇਟ ਬਿਨੈ ਕੀਤੀ ਅਸਾਮੀ ਦੇ ਸਬੰਧ ਵਿੱਚ ਉਪਰਲੀ ਜਾਂ ਹੇਠਲੀ ਹੱਦ ਦੇ 40% ਸਥਾਈ/ਅੰਸ਼ਿਕ ਅੰਗਹੀਣਤਾ ਪਰ ਸਿਵਲ ਰੁਜਗਾਰ/ਨਿਰਧਾਰਤ ਅਸਾਮੀ ਲਈ ਫਿਟ ਹੋਣ ਸੰਬਧੀ ਮੈਡੀਕਲ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਇਹ ਸਰਟੀਫਿਕੇਟ ਜਰੂਰੀ ਤੌਰ ਤੇ ਹੇਠ ਲਿਖੇ ਅਧਿਕਾਰੀ ਨੇ ਜਾਰੀ ਕੀਤਾ ਹੋਵੇ :

- ਏ) ਕਿਸੇ ਵੀ ਸਰਕਾਰੀ ਡਾਕਟਰੀ ਸੰਸਥਾਨ/ ਹਸਪਤਾਲ ਦਾ ਕਲਾਸ 1 ਮੈਡੀਕਲ ਅਫਸਰ ਵੱਲੋਂ।
- ਬੀ) ਜਿਲ੍ਹੇ ਜਾਂ ਸਥਾਨ ਜਿਥੋਂ ਦਾ ਬਿਨੈਕਾਰ ਸਥਾਈ ਵਾਸੀ ਹੈ, ਦੇ ਪੀ.ਐਮ.ਓ./ਐਸ..ਐਮ.ਓ/ਸਿਵਲ ਸਰਜਨ ਦੁਆਰਾ ਜਾਰੀ।

**6) ਚੋਣ ਵਿਧੀ:**

ਮੈਰਿਟ ਤਿਆਰ ਕਰਨ ਲਈ ਹੇਠ ਅਨੁਸਾਰ ਯੋਗਤਾਵਾਂ ਨੂੰ ਵੇਟੇਜ਼ ਦਿੱਤੀ ਜਾਵੇਗੀ:-

**ਪ੍ਰਿੰਸੀਪਲ**

| ਲੜੀ ਨੰ | ਯੋਗਤਾ | ਵੇਟੇਜ/ਅੰਕ |
|---|---|---|
| 1) | ਪੋਸਟ ਗਰੈਜੂਏਸਨ | 40% |
| 2) | ਬੀ.ਐਡ/ਬੀ.ਟੀ | 20% |
| 3) | ਐਮ.ਐਡ | 20% |
| 4) | ਐਮ.ਫਿਲ | 10% |
| 5) | ਪੀ.ਐਚ .ਡੀ. | 10 ਅੰਕ |
| | ਕੁੱਲ | 100 |

ਉਪਰੋਕਤ ਵੇਟੇਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਪ੍ਰੋਵੀਜਨਲ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇੰਟਰਵਿਓ ਦੇ 10 ਨੰਬਰ ਹੋਣਗੇ।

2. ਹਰੇਕ ਅਸਾਮੀ ਲਈ ਪ੍ਰਾਪਤ ਹੋਈਆਂ ਅਰਜੀਆਂ ਵਿੱਚੋ ਉੱਪਰੋਕਤ ਦਰਸਾਏ ਕਰਾਈਟੀਰੀਏ ਅਨੁਸਾਰ ਇੱਕ ਅਸਾਮੀ ਲਈ ਪੰਜ ਉਮੀਦਵਾਰਾਂ ਨੂੰ ਕਾਊਂਸਲਿੰਗ /ਇੰਟਰਵਿਊ ਲਈ ਬੁਲਾਇਆ ਜਾਵੇਗਾ। ਇੰਟਰਵਿਊ ਉਪਰੰਤ ਫਾਈਨਲ ਮੈਰਿਟ ਘੋਸ਼ੀਤ ਕੀਤੀ ਜਾਵੇਗੀ।

2) ਪੀ.ਜੀ.ਟੀ. (ਲੈਕਚਰਾਰ)

| ਲੜੀ ਨੰ | ਯੋਗਤਾ | ਵੇਟੇਜ/ਅੰਕ |
|---|---|---|
| 1 | ਗਰੈਜੂਏਸਨ | 20% |
| 2 | ਪੋਸਟ ਗਰੈਜੂਏਸਨ (ਸਬੰਧਤ ਵਿਸੇ ਵਿੱਚ ) | 50% |
| 3 | ਬੀ.ਐਡ/ਬੀ.ਟੀ (ਸਬੰਧਤ ਵਿਸੇ ਵਿੱਚ ) | 20% |
| 4 | ਐਮ.ਫਿਲ(ਸਬੰਧਤ ਵਿਸੇ ਵਿੱਚ ) | 5% |
| 5 | ਪੀ.ਐਚ .ਡੀ. | 5 ਅੰਕ |
| | ਕੁੱਲ | 100 |

ਉਪਰੋਕਤ ਵੇਟੇਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਪ੍ਰੋਵੀਜਨਲ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇੰਟਰਵਿਓ ਦੇ 10 ਨੰਬਰ ਹੋਣਗੇ।

ਨੋਟ: 1. ਪੀ.ਜੀ.ਟੀ. ਕੰਪਿਊਟਰ ਅਸਾਮੀਆਂ ਲਈ ਮੁੱਢਲੀਆਂ ਯੋਗਤਾਵਾਂ ਦੀ ਮੈਰਿਟ ਬਣਾ ਕੇ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ ਇੰਟਰਵਿਓ ਦੇ 10 ਨੰਬਰ ਹੋਣਗੇ।

2. ਹਰੇਕ ਅਸਾਮੀ ਲਈ ਪ੍ਰਾਪਤ ਹੋਈਆਂ ਅਰਜੀਆਂ ਵਿੱਚੋ ਉੱਪਰੋਕਤ ਦਰਸਾਏ ਕਰਾਈਟੀਰੀਏ ਅਨੁਸਾਰ ਇੱਕ ਅਸਾਮੀ ਲਈ ਪੰਜ ਉਮੀਦਵਾਰਾਂ ਨੂੰ ਕਾਊਂਸਲਿੰਗ/ਇੰਟਰਵਿਊ ਲਈ ਬੁਲਾਇਆ ਜਾਵੇਗਾ। ਇੰਟਰਵਿਊ ਉਪਰੰਤ ਫਾਈਨਲ ਮੈਰਿਟ ਘੋਸ਼ਿਤ ਕੀਤੀ ਜਾਵੇਗੀ।

3) ਟੀ.ਜੀ.ਟੀ (ਮਾਸਟਰ/ਮਿਸਟ੍ਰੈਸ)

| ਲੜੀ ਨੰ | ਯੋਗਤਾ | ਵੇਟੇਜ/ਅੰਕ |
|---|---|---|
| 1 | ਗਰੈਜੂਏਸਨ | 40% |
| 2 | ਬੀ.ਐਡ. | 40% |
| 3 | ਪੋਸਟ ਗਰੈਜੂਏਟ (ਸਬੰਧਤ ਵਿਸੇ ਵਿੱਚ) | 10% |
| 4 | ਐਮ.ਫਿਲ | 5% |
| 5 | ਪੀ.ਐਚ.ਡੀ. | 5 |
| | ਕੁੱਲ | 100 |

ਨੋਟ:1. ਟੀ.ਜੀ.ਟੀ ਕੰਪਿਊਟਰ ਅਸਾਮੀਆਂ ਲਈ ਮੁੱਢਲੀ ਯੋਗਤਾਵਾਂ ਦੀ ਪ੍ਰੋਵਿਜਨਲ ਮੈਰਿਟ ਬਣਾ ਕੇ 0.09 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ ਅਤੇ 10 ਨੰਬਰ ਇੰਟਰਵਿਊ ਦੇ ਹੋਣਗੇ।

ਉਪਰੋਕਤ ਵੇਟੇਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਪ੍ਰੋਵੀਜਨਲ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇੰਟਰਵਿਓ ਦੇ 10 ਨੰਬਰ ਹੋਣਗੇ।

2. ਹਰੇਕ ਅਸਾਮੀ ਲਈ ਪ੍ਰਾਪਤ ਹੋਈਆਂ ਅਰਜੀਆਂ ਵਿੱਚੋ ਉੱਪਰੋਕਤ ਦਰਸਾਏ ਕਰਾਈਟੀਰੀਏ ਅਨੁਸਾਰ ਇੱਕ ਅਸਾਮੀ ਲਈ ਪੰਜ ਉਮੀਦਵਾਰਾਂ ਨੂੰ ਕਾਊਂਸਲਿੰਗ/ਇੰਟਰਵਿਊ ਲਈ ਬੁਲਾਇਆ ਜਾਵੇਗਾ। ਇੰਟਰਵਿਊ ਉਪਰੰਤ ਫਾਈਨਲ ਮੈਰਿਟ ਘੋਸ਼ੀਤ ਕੀਤੀ ਜਾਵੇਗੀ।

4) **ਜੇ.ਬੀ.ਟੀ./ਈ.ਟੀ.ਟੀ**

| ਲੜੀ ਨੰ | ਯੋਗਤਾ | ਵੇਟਿਜ/ਅੰਕ |
|---|---|---|
| 1 | + 2 ਸ਼੍ਰੇਣੀ | 40% |
| 2 | ਜੇ.ਬੀ.ਟੀ./ਈ.ਟੀ.ਟੀ | 40% |
| 3 | ਗਰੈਜੂਏਸਨ | 10% |
| 4 | ਪੋਸਟ ਗਰੈਜੂਏਸਨ | 10% |
| | ਕੁੱਲ | 100 |

ਉਪਰੋਕਤ ਵੇਟੇਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਪ੍ਰੋਵੀਜਨਲ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇੰਟਰਵਿਊ ਦੇ 10 ਨੰਬਰ ਹੋਣਗੇ।

2. ਹਰੇਕ ਅਸਾਮੀ ਲਈ ਪ੍ਰਾਪਤ ਹੋਇਆ ਅਰਜੀਆਂ ਵਿੱਚੋ ਉੱਪਰੋਕਤ ਦਰਸਾਏ ਕਰਾਈਟੀਰੀਏ ਅਨੁਸਾਰ ਇੱਕ ਅਸਾਮੀ ਲਈ ਪੰਜ ਉਮੀਦਵਾਰਾਂ ਨੂੰ ਕਾਊਂਸਲਿੰਗ/ਇੰਟਰਵਿਊ ਲਈ ਬੁਲਾਇਆ ਜਾਵੇਗਾ। ਇੰਟਰਵਿਊ ਉਪਰੰਤ ਫਾਈਨਲ ਮੈਰਿਟ ਘੋਸ਼ਿਤ ਕੀਤੀ ਜਾਵੇਗੀ।

5) **ਐਨ.ਟੀ.ਟੀ**

| ਲੜੀ ਨੰ | ਯੋਗਤਾ | ਵੇਟੇਜ/ਅੰਕ |
|---|---|---|
| 1 | + 2 ਸ਼੍ਰੇਣੀ | 40% |
| 2 | ਜੇ.ਬੀ.ਟੀ./ਈ.ਟੀ.ਟੀ | 40% |
| 3 | ਗਰੈਜੂਏਸਨ | 10% |
| 4 | ਪੋਸਟ ਗਰੈਜੂਏਸਨ | 10% |
| | ਕੁੱਲ | 100 |

ਉਪਰੋਕਤ ਵੇਟੇਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਪ੍ਰੋਵੀਜਨਲ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇੰਟਰਵਿਊ ਦੇ 10 ਨੰਬਰ ਹੋਣਗੇ।

2. ਹਰੇਕ ਅਸਾਮੀ ਲਈ ਪ੍ਰਾਪਤ ਹੋਇਆ ਅਰਜੀਆਂ ਵਿੱਚੋ ਉੱਪਰੋਕਤ ਦਰਸਾਏ ਕਰਾਈਟੀਰੀਏ ਅਨੁਸਾਰ ਇੱਕ ਅਸਾਮੀ ਲਈ ਪੰਜ ਉਮੀਦਵਾਰਾਂ ਨੂੰ ਕਾਊਂਸਲਿੰਗ/ਇੰਟਰਵਿਊ ਲਈ ਬੁਲਾਇਆ ਜਾਵੇਗਾ। ਇੰਟਰਵਿਊ ਉਪਰੰਤ ਫਾਈਨਲ ਮੈਰਿਟ ਘੋਸ਼ਿਤ ਕੀਤੀ ਜਾਵੇਗੀ।

ਨੋਟ: 1. ਟੀ.ਜੀ.ਟੀ. ਸਰੀਰਕ ਸਿੱਖਿਆ ਦੀ ਚੋਣ ਵਿਧੀ ਵਿੱਚ ਟੀ.ਈ.ਟੀ. ਪੇਪਰ ਦੇ ਅੰਕਾਂ ਦੀ ਵੇਟੇਜ ਨਾ ਦਿੰਦੇ ਹੋਏ ਗਰੈਜੂਏਸ਼ਨ 40% ਅਤੇ ਬੀ.ਪੀ. ਐਡ. ਦੀ ਵੇਟੇਜ *ਦੀ* ਵੇਟੇਜ 40% ਹੋਵੇਗੀ ਜਾਂ ਗਰੈਜੂਏਸ਼ਨ 40% ਅਤੇ ਡੀ.ਪੀ.ਐਡ. ਦੀ ਵੇਟੇਜ ਦੀ ਵੇਟੇਜ 40% ਹੋਵੇਗੀ। ਬੀ.ਪੀ.ਐਡ. 4 ਸਾਲਾ ਗਰੈਜੂਏਸ਼ਨ ਦੀ ਵੇਟੇਜ 80% ਹੋਵੇਗੀ। ਬਾਕੀ ਵੇਟੇਜ ਟੀ.ਜੀ.ਟੀ.ਮਾਸਟਰ/ਮਿਸਟ੍ਰੈਸ ਦੀ ਸਾਰਣੀ ਅਨੁਸਾਰ ਹੀ ਹੋਵੇਗੀ। ਇਨਾਂ ਅਧਿਆਪਕਾਂ ਦੀ ਵੇਟੇਜ ਅਨੁਸਾਰ ਬਣਦੀ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇਸ ਤੋਂ ਬਾਅਦ 10 ਨੰਬਰ ਇੰਟਰਵਿਊ ਦੇ ਹੋਣਗੇ ਜੋ ਭਰਤੀ ਬੋਰਡ ਵੱਲੋਂ ਇਟਰਵਿਊ ਲੈਣ ਤੋਂ ਬਾਅਦ ਉਮੀਦਵਾਰ ਦੀ ਮੈਰਿਟ ਵਿੱਚ ਜਮਾਂ ਕਰਕੇ ਫਾਈਨਲ ਮੈਰਿਟ ਬਣਾਈ ਜਾਵੇਗੀ।

2. ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਅਸਾਮੀ ਲਈ ਯੋਗ ਬਣਨ ਵਾਸਤੇ ਵਾਧੂ ਵਿਸ਼ਾ ਪਾਸ ਕੀਤਾ ਹੈ ਤਾਂ ਬੀ.ਏ./ਬੀ.ਐਡ. ਵਿੱਚ ਪਾਸ ਕੀਤੇ ਵਾਧੂ ਵਿਸ਼ੇ ਦੇ ਅੰਕ ਮੂਲ ਅੰਕਾਂ ਵਿੱਚ ਜੋੜੇ ਜਾਣਗੇ, ਪਰ ਉਮੀਦਵਾਰ ਵੱਲੋਂ ਮੂਲ ਰੂਪ ਵਿਚ ਪਾਸ ਕੀਤੀ ਡਿਗਰੀ ਦੇ ਵਿੱਚੋਂ ਘੱਟ ਅੰਕ ਵਾਲੇ ਵਿਸ਼ੇ ਨੂੰ ਘਟਾ ਦਿਤਾ ਜਾਵੇਗਾ ਅਤੇ ਇਸ ਦੀ ਲੋਅ ਵਿੱਚ ਮੈਰਿਟ ਬਣਾਈ ਜਾਵੇਗੀ।

3. ਜਿਹਨਾਂ ਉਮੀਦਵਾਰਾਂ ਵੱਲੋਂ ਟੀ.ਜੀ.ਟੀ.ਕੰਪਿਊਟਰ, ਟੀ.ਜੀ.ਟੀ.ਡਰਾਇੰਗ ਅਤੇ ਟੀ.ਜੀ.ਟੀ.ਸਰੀਰਕ ਸਿੱਖਿਆ ਟੈਸਟ ਪਾਸ ਕੀਤਾ ਹੈ ਉਹਨਾਂ ਉਮੀਦਵਾਰਾਂ ਨੂੰ ਪੰਜਾਬ ਸਰਕਾਰ ਦੁਆਰਾ ਲਿਆ ਗਿਆ ਟੀ.ਈ.ਟੀ.ਪੇਪਰ-2 ਪਾਸ ਕਰਨਾ ਜਰੂਰੀ ਨਹੀਂ ਹੋਵੇਗਾ।

6. ਹਦਾਇਤਾਂ:

1. ਜਿਹਨਾਂ ਉਮੀਦਵਾਰਾਂ ਨੇ ਪਹਿਲਾਂ ਅਪਲਾਈ ਕੀਤਾ ਸੀ, ਉਹਨਾਂ ਤੋਂ ਮੁੜ ਫੀਸ ਨਹੀਂ ਲਈ ਜਾਵੇਗੀ, ਨਵੇਂ ਉਮੀਦਵਾਰ ਬਣਦੀ ਫੀਸ ਬੋਰਡ ਦੇ ਖੇਤਰੀ ਦਫਤਰ ਵਿੱਚ ਜਮਾਂ ਕਰਵਾਉਣ ਉਪਰੰਤ ਅਪਲਾਈ ਕਰਨਗੇ ਅਤੇ ਕਾਉਂਸਲਿੰਗ ਸਮੇਂ ਅਸਲ ਰਸੀਦ ਨਾਲ ਲੈ ਕੇ ਆਉਣਗੇ। ਜਨਰਲ ਕੈਟਾਗਰੀ ਦੇ ਉਮੀਦਵਾਰ ਲਈ 400/- ਰੁਪਏ ਅਤੇ ਐਸ.ਸੀ./ਬੀ.ਸੀ. ਕੈਟੇਗਰੀ ਦੇ ਉਮੀਦਵਾਰ ਲਈ 200/- ਰੁ: ਫੀਸ ਨਿਰਧਾਰਤ ਕੀਤੀ ਗਈ ਹੈ।

2 ਇਹਨਾਂ ਅਸਾਮੀਆਂ ਦੀ ਭਰਤੀ ਕੰਟਰੈਕਟ ਆਧਾਰ ਤੇ ਉਕਾ ਪੁੱਕਾ ਵੇਤਨ ਤੇ ਮੁੱਢਲੇ ਤੌਰ ਤੇ ਇੱਕ ਸਾਲ ਲਈ ਕੀਤੀ ਜਾਣੀ ਹੈ। ਉਮੀਦਵਾਰ ਦੇ ਕੰਮ ਤੇ ਆਚਰਨ ਨੂੰ ਵਿਚਾਰਦੇ ਹੋਏ ਇਹ ਪੇਸ਼ਕਸ ਅਗਲੇ ਸਾਲ ਲਈ ਵਧਾਈ ਜਾ ਸਕਦੀ ਹੈ।

3. ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ ਮੀਮੋ ਨੰਬਰ 5/23/2013-5 ਸਿ 3/54676/1 ਮਿਤੀ 22-05-2013 ਦੇ ਅਨੁਸਾਰ ਨਿਯੁਕਤ ਹੋਣ ਵਾਲੇ ਉਮੀਦਵਾਰਾਂ ਦੇ ਕੰਮ ਤੇ ਆਚਰਣ ਤਸੱਲੀਬਖਸ਼ ਪਾਏ ਜਾਣ ਦੀ ਸੂਰਤ ਵਿੱਚ ਇਹਨਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਹਿੱਤ ਵਿਚਾਰਿਆ ਜਾਵੇਗਾ।

4. ਰਾਖਵੇਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।

5. ਰਾਖਵੇਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਸਨੀਕਾਂ ਲਈ ਹੀ ਲਾਗੂ ਹੈ।

6. **ਪ੍ਰਿੰਸੀਪਲ ਦੀ ਅਸਾਮੀ ਲਈ ਤਜਰਬੇ ਸਬੰਧੀ ਹਦਾਇਤਾਂ**

- ੳ) ਪ੍ਰਿੰਸੀਪਲ ਦੀ ਅਸਾਮੀ ਲਈ ਤਜਰਬਾ ਸਰਕਾਰੀ, ਗੈਰ ਸਰਕਾਰੀ ਸਹਾਇਤਾ ਪ੍ਰਾਪਤ, ਮਾਨਤਾ ਪ੍ਰਾਪਤ ਅਤੇ ਐਫਲੀਏਟਡ ਸਕੂਲਾਂ( ਸੀ.ਬੀ.ਐਸ.ਈ./ਆਈ.ਸੀ.ਐਸ.ਈ./ਪੀ.ਐਸ.ਈ.ਬੀ.ਅਤੇ ਇਨਾਂ ਦੀ ਸਮਾਨਤਾ ਰੱਖਦੇ ਸਿੱਖਿਆ ਬੋਰਡ) ਦੇ ਤਜਰਬੇ ਸਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਤੋਂ ਪ੍ਰਤੀ ਹਸਤਾਖਰ ਹੋਣੇ ਚਾਹੀਦੇ ਹਨ। ਅਸਲ ਤਜਰਬੇ ਸਬੰਧੀ ਸਰਟੀਫਿਕੇਟ ਜੋ ਅਨੁਲੱਗ 1 ਤੇ ਹੈ ਕਾਉਂਸਲਿੰਗ ਸਮੇਂ ਨਾਲ ਲੈ ਕੇ ਆਉਣਾ ਲਾਜਮੀ ਹੋਵੇਗਾ।
- ਅ) ਤਜਰਬਾ ਬੀ.ਐਡ ਤੋਂ ਬਾਅਦ ਦਾ ਹੀ ਮੰਨਿਆ ਜਾਵੇਗਾ।
- ੲ) ਤਸਦੀਕਸ਼ੁਦਾ ਤਜਰਬੇ ਉਪਰ ਉਮੀਦਵਾਰ ਨੇ ਕਿਸ ਵਿਸ਼ੇ ਵਿੱਚ ਪੜ੍ਹਾਇਆ ਹੈ ਵੀ ਦਰਸਾਇਆ ਹੋਣਾ ਚਾਹੀਦਾ ਹੈ।
- ਸ) ਜਿਸ ਸਮੇਂ ਦਾ ਤਜਰਬਾ ਹੋਵੇ ਉਸ ਸਮੇਂ ਦੀ ਸਕੂਲ ਦੀ ਮਾਨਤਾ/ ਸੀਨੀਅਰ ਸੈਕੰਡਰੀ ਪੱਧਰ ਦੀ ਹੋਣੀ ਚਾਹੀਦੀ ਹੈ।

7. ਉਮੀਦਵਾਰ ਨੂੰ ਹਰੇਕ ਅਸਾਮੀ ਲਈ ਵੱਖਰੇ ਤੌਰ ਤੇ ਅਪਲਾਈ ਕਰਨਾ ਪਵੇਗਾ।

8. ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਲਈ ਸਾਂਝੀ ਮੈਰਿਟ ਬਣਾਈ ਜਾਵੇਗੀ।

9. ਸਾਬਕਾ ਫੌਜੀ/ ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾਧਿਕਾਰੀ / ਆਸ਼ਰਿਤ ਜੋ ਪੰਜਾਬ ਦੇ ਵਸਨੀਕ ਹਨ, ਸਾਬਕਾ ਫੌਜੀ ਦੇ ਰਾਖਵਾਂਕਰਨ ਦੇ ਹੱਕਦਾਰ ਹਨ। ਪਰ ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾਅਧਿਕਾਰੀ/ ਆਸ਼ਰਿਤ ਤਾਂ ਹੀ ਸਾਬਕਾ ਫੌਜੀ ਵਰਗ ਵਿੱਚ ਵਿਚਾਰੇ ਜਾਣਗੇ ਜੇਕਰ ਕੋਈ ਸਾਬਕਾ ਫੌਜੀ ਨਹੀਂ ਹੈ। ਜੇਕਰ ਲੋੜੀਂਦੇ ਸਾਬਕਾ ਫੌਜੀ ਉਪਲਬਧ ਹੋਣਗੇ ਤਾਂ ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾਅਧਿਕਾਰੀਆਂ/ ਆਸ਼ਰਿਤਾਂ ਨੂੰ ਜਨਰਲ ਵਰਗ ਵਿਚ ਵਿਚਾਰਿਆ ਜਾਵੇਗਾ।

10. ਉਹ ਉਮੀਦਵਾਰ ਜੋ ਪਹਿਲਾਂ ਹੀ ਰਾਜ ਜਾਂ ਕੇਂਦਰ ਸਰਕਾਰ ਦੇ ਕਰਮਚਾਰੀ ਹਨ ਉਹ ਆਪਣੀ ਪ੍ਰਤੀਬੇਨਤੀ ਯੋਗ ਪ੍ਰਣਾਲੀ ਰਾਹੀਂ ਹੀ ਭੇਜਣਗੇ। ਪਰ ਇਹ ਅਸਾਮੀ ਠੇਕਾ ਅਧਾਰਤ ਹੈ ਇਨ੍ਹਾਂ ਉਮੀਦਵਾਰਾਂ ਦੀ ਨਿਯੁਕਤੀ ਠੇਕਾ ਆਧਾਰ ਤੇ ਹੀ ਕੀਤੀ ਜਾਵੇਗੀ। ਪਿਛਲੀ ਰੈਗੂਲਰ ਸਰਵਿਸ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।

11. ਐਪਲੀਕੇਸਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਭਰਤੀ ਬੋਰਡ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

12. ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਨੂੰ ਸਾਈਬਰ ਕੈਫੇ ਅਟੈਂਡੇਂਟ ਦੀ ਮਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਦੀ ਹੈ। ***ਐਪਲੀਕੇਸ਼ਨ ਫਾਰਮ ਵਿਚ ਇਕ ਵਾਰ ਡਾਟਾ ਭਰਨ ਤੋਂ ਬਾਅਦ ਉਸ ਵਿਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਹੋਰ ਮੌਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀਬੇਨਤੀ ਦਫਤਰ ਵਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।***

13. ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਜਿਸ ਅਸਾਮੀ ਲਈ ਅਪਲਾਈ ਕਰ ਰਿਹਾ ਹੈ, ਉਸ ਦੀ ਪਾਤਰਤਾ ਲਈ ਨਿਰਧਾਰਤ ਸਾਰੀਆਂ ਸ਼ਰਤਾਂ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਪੂਰੀਆ ਕਰਦਾ ਹੈ। ਉਮੀਦਵਾਰ ਅਪਲਾਈ

ਕਰਨ ਨਾਲ ਨਿਯੁਕਤੀ ਲਈ ਪਾਤਰ ਨਹੀਂ ਬਣ ਜਾਂਦਾ। ਨਿਯੁਕਤੀ ਲਈ ਚੋਣ ਉਸ ਦੀ ਪਾਤਰਤਾ ਹੋਣ ਤੇ ਹੀ ਹੋਵੇਗੀ ਅਤੇ ਕਾਊਸਲਿੰਗ ਸਮੇਂ ਉਮੀਦਵਾਰ ਦੀ ਮੈਰਿਟ ਅਤੇ ਯੋਗਤਾ ਉਸ ਵੱਲੋਂ ਪੇਸ਼ ਕੀਤੇ ਗਏ ਅਸਲ ਦਸਤਾਵੇਜ ਉੱਪਰ ਹੀ ਨਿਰਧਾਰਿਤ ਕੀਤੀ ਜਾਵੇਗੀ। ਕਿਸੇ ਵੀ ਦਸਤਾਵੇਜ ਦੀ ਅਣਹੋਂਦ ਵਿਚ ਉਮੀਦਵਾਰ ਨੂੰ ਨਿਯੁਕਤੀ/ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।

14 ਉਮੀਦਵਾਰ ਆਪਣੀ ਕੈਟਾਗਰੀ ਧਿਆਨ ਪੂਰਵਕ ਭਰਨ । ਇੱਕ ਵਾਰੀ ਭਰੀ ਗਈ ਕੈਟਾਗਰੀ ਤਬਦੀਲ ਯੋਗ ਨਹੀਂ ਹੋਵੇਗੀ ।

15 ਵੱਖ ਵੱਖ ਵਰਗਾਂ ਵਿਚ ਖਾਲੀ ਅਸਾਮੀਆਂ ਉਸ ਵਿਚ ਉਪਲਬੱਧ ਆਸਾਮੀਆਂ ਦੀ ਹੋਣ ਦੀ ਸੂਰਤ ਵਿੱਚ ਹੀ ਭਰੀਆਂ ਜਾਣਗੀਆਂ ।

16 ਉਮੀਦਵਾਰ ਵੱਲੋਂ ਅਸਾਮੀ ਵਿਰੁੱਧ ਕੇਵਲ ਅਪਲਾਈ ਕਰਨਾ ਜਾਂ ਕਾਊਸਲਿੰਗ ਤੇ ਬੁਲਾਏ ਜਾਣ ਨਾਲ ਹੀ ਉਮੀਦਵਾਰ ਨੂੰ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।

17. ਉਮੀਦਵਾਰ ਕਾਉਂਸਲਿੰਗ ਵੇਲੇ ਆਪਣੇ ਸਾਰੇ ਅਸਲ ਵਿਦਿਅਕ/ਪ੍ਰੋਫੈਸਨਲ ਯੋਗਤਾ, ਤਜਰਬਾ, ਦੋ ਤਾਜਾ ਫੋਟੋਆਂ ਅਤੇ ਸ੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਮੇਤ ਉਨਾਂ ਦੀਆਂ ਸੈਲਫ ਅਟੈਸਟਡ ਕਾਪੀਆਂ ਤਰਤੀਬਵਾਰ ਫਾਇਲ ਵਿੱਚ ਲਗਾ ਕੇ ਲਿਆਉਣਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦੇ ਜਾਰੀ ਹੋਣੇ ਚਾਹੀਦੇ ਹਨ। ਆਖਰੀ ਮਿਤੀ ਤੋਂ ਬਾਅਦ ਦਾ ਜਾਰੀ ਕੀਤਾ ਗਿਆ ਸਰਟੀਫਿਕੇਟ ਮੰਨਣ ਯੋਗ ਨਹੀਂ ਹੋਵੇਗਾ।

18. ਉਮੀਦਵਾਰਾਂ ਵੱਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸ ਦਾ ਨਾਂ ਮੈਰਿਟ ਵਿੱਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਮੀਦਵਾਰ ਅਤੇ ਦਸਤਾਵੇਜ ਜਾਰੀ ਕਰਨ ਵਾਲੀ ਸੰਸਥਾ ਵਿਰੁੱਧ ਮੌਕੇ ਤੇ ਹੀ ਐਫ. ਆਈ ਆਰ ਦਰਜ ਕਰਵਾ ਦਿੱਤੀ ਜਾਵੇਗੀ ਅਤੇ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

19. ਯੋਗਤਾ ਦੀ ਸਮਾਨਤਾ ਵਿਵਾਦ ਦੇ ਮਾਮਲੇ ਬਾਰੇ ਭਰਤੀ ਬੋਰਡ ਦੁਆਰਾ ਕੀਤਾ ਫੈਸਲਾ ਅੰਤਿਮ ਤੇ ਸਭ ਤੇ ਲਾਗੂ ਹੋਵੇਗਾ।

20. ਕਾਉਂਸਲਿੰਗ ਸਮੇਂ ਜੇਕਰ ਕਿਸੇ ਉਮੀਦਵਾਰ ਵੱਲੋਂ ਯੋਗਤਾ ਆਦਿ ਸਬੰਧੀ ਲੋੜੀਂਦੇ ਅਸਲ ਦਸਤਾਵੇਜ ਪੇਸ ਨਹੀਂ ਕੀਤੇ ਜਾਂਦੇ ਤਾਂ ਉਸਦਾ ਇੰਟਰਵਿਊ ਅਤੇ ਨਿਯੁੱਕਤੀ ਲਈ ਕੋਈ ਹੱਕ ਨਹੀਂ ਹੋਵੇਗਾ ਅਤੇ ਉਸ ਤੋਂ ਹੇਠਲੇ ਮੈਰਿਟ ਵਾਲੇ ਉਮੀਦਵਾਰ ਨੂੰ ਅਸਾਮੀ ਲਈ ਵਿਚਾਰਿਆ ਜਾਵੇਗਾ।

21. ਕਾਉਂਸਲਿੰਗ/ਇੰਟਰਵਿਊ ਲਈ ਆਉਣ ਵਾਲੇ ਉਮੀਦਵਾਰਾਂ ਨੂੰ. ਟੀ.ਏ./ਡੀ.ਏ.ਅਦਾ ਨਹੀਂ ਕੀਤਾ ਜਾਵੇਗਾ।

22. ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕਾਉਂਸਲਿੰਗ/ਇੰਟਰਵਿਊ ਆਦਿ ਸਬੰਧੀ ਵੈਬਸਾਈਟ ਤੇ ਰੈਗੂਲਰ ਤੌਰ ਤੇ ਆਪ ਹੀ ਧਿਆਨ ਰੱਖਣਗੇ। ਇਸ ਸਬੰਧੀ ਉਨਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾਂ ਨਹੀਂ ਭੇਜੀ ਜਾਵੇਗੀ। ਉਮੀਦਵਾਰ ਨੂੰ ਇਹ ਵੀ ਸਲਾਹ ਹੈ ਕਿ ਉਹ ਸਾਰੀਆਂ ਹਦਾਇਤਾਂ ਚੰਗੀ ਤਰਾਂ ਪੜ੍ਹ ਲੈਣ। ਇੱਕ ਵਾਰੀ ਭਰਿਆ ਡਾਟਾ ਬਦਲਣ ਦੀ ਆਗਿਆ ਨਹੀਂ ਹੋਵੇਗੀ।

23. ਕਾਊਸਲਿੰਗ/ਇੰਟਰਵਿਊ ਵਿੱਚ ਗੈਰ ਹਾਜਰ ਰਹਿਣ ਕਾਰਨ ਉਮੀਦਵਾਰ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਅਜਿਹੇ ਉਮੀਦਵਾਰ ਨੂੰ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

24 Tentative ਮੈਰਿਟ ਕਾਊਸਲਿੰਗ ਲਈ ਬਣਾਈ ਜਾਵੇਗੀ। ਫਾਈਨਲ ਮੈਰਿਟ ਇੰਟਰਵਿਊ ਤੋਂ ਬਾਅਦ ਜਾਰੀ ਕੀਤੀ ਜਾਵੇਗੀ। ਇਸ ਵਿੱਚ ਕੋਈ ਵੀ ਵੇਟਿੰਗ ਲਿਸਟ ਤਿਆਰ ਨਹੀ ਕੀਤੀ ਜਾਵੇਗੀ। ਜੇਕਰ ਇਹਨਾਂ ਅਸਾਮੀਆਂ ਵਿੱਚੋਂ ਕੁੱਝ ਖਾਲੀ ਰਹਿ ਜਾਂਦੀਆਂ ਹਨ ਤਾਂ ਉਹਨਾਂ ਦੀ ਭਰਤੀ ਕਰਨ ਦਾ ਇਸ਼ਤਿਹਾਰ ਦੁਬਾਰਾ ਦਿੱਤਾ ਜਾਵੇਗਾ।

**8) ਆਨਲਾਈਨ ਅਪਲਾਈ ਕਰਨ ਦੀ ਵਿਧੀ:**

ਫਾਰਮ ਭਰਨ ਸਬੰਧੀ ਦਿਸ਼ਾ ਨਿਰਦੇਸ਼

1) ਵੈਬਸਾਈਟ www.pseb.ac.in ਤੇ vacancy section ਤਹਿਤ Online Application form ਉੱਤੇ ਦਿੱਤੇ ਲਿੰਕ ਉੱਤੇ click ਕੀਤਾ ਜਾਵੇ ਅਤੇ ਮੰਗੀ ਜਾਣਕਾਰੀ ਭਰੀ ਜਾਵੇ। ਇੱਕ ਵਾਰ Application ਫਾਰਮ ਭਰਨ ਉਪਰੰਤ ਕੋਈ ਵੀ ਜਾਣਕਾਰੀ update / edit ਨਹੀ ਕੀਤੀ ਜਾ ਸਕਦੀ।

2) Application ਫਾਰਮ ਭਰਨ ਉਪਰੰਤ ਇਸ ਦਾ printout ਜਰੂਰ ਲਿਆ ਜਾਵੇ ਅਤੇ ਇਸ ਨੂੰ ਸਭਾਲ ਕੇ ਰੱਖਿਆ ਜਾਵੇ। ਇਥੇ ਇਹ ਵੀ ਸਪਸ਼ਟ ਕੀਤਾ ਜਾਦਾਂ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ ਮੰਗ ਉਪਰੰਤ ਹੀ ਭੇਜਿਆ ਜਾਵੇ।

3) Online Application form ਵਿੱਚ ਵੇਰਵੇ ਇਹਨਾਂ ਅਸਾਮੀਆ ਨਾਲ ਸਬੰਧਤ ਸ਼ਰਤਾਂ / (Terms and Conditions ) ਅਨੁਸਾਰ ਭਰੇ ਜਾਣ। Online Application form ਬੋਰਡ ਵੱਲੋਂ ਜਾਰੀ ਵਿਦਿਅਕ ਯੋਗਤਾਵਾ ਅਤੇ ਹੋਰ ਸਬੰਧਤ ਹਦਾਇਤਾ , (Terms and Conditions ) ਪੜ੍ਹਨ ਉਪਰੰਤ ਭਰਿਆ ਜਾਵੇ।

4) Online Application ਵਿੱਚ Qualification Section ਵਿੱਚ ਦਿੱਤੇ 'Other 1' ਅਤੇ 'Other 2' ਵਿਚ applicant ਅਸਾਮੀਆਂ ਲਈ ਹਦਾਇਤਾ ਮੁਤਾਬਿਕ ਹੋਰ ਲੋੜੀਦਾ ਦੀ ਸੂਚਨਾਂ ਭਰੀ ਜਾ ਸਕਦੀ ਹੈ।

5) Online Application form ਤੇ ਦਿੱਤੇ Submit button ਨੂੰ click ਕਰਨ ਤੋ ਪਹਿਲਾਂ ਇਕ ਵਾਰ ਸਾਰੇ ਭਰੇ ਵੇਰਵੇ ਮੁੜ ਚੈੱਕ ਕਰਨ ਦਾ ਸੁਝਾਉ ਹੈ। Submit button ਨੂੰ Click ਕਰਨ ਉਪਰੰਤ applicant ਵਲੋਂ ਭਰੇ ਵੇਰਵੇ / ਸੂਚਨਾ ਅਤੇ self declaration ਨੂੰ ਹੀ 'ਅੰਤਿਮ ' ਮੰਨਿਆ ਜਾਵੇਗਾ।

6) Online Application form ਅਤੇ ਅਸਲ ਦਸਤਾਵੇਜ ਦੇ ਵਿੱਚ ਅੰਤਰ ਪਾਉਣ ਤੇ ਬਿਨੈਕਾਰ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

7) Online Application form ਸਬੰਧੀ enquiry ਲਈ 0172-3047135 ਅਤੇ 3070863 ਇਹਨਾਂ ਫੋਨ ਨੰਬਰਾਂ ਤੇ ਦਫਤਰੀ ਕੰਮ ਕਾਜ ਦੇ ਸਮੇਂ ਵਿੱਚ ਸੰਪਰਕ ਕੀਤਾ ਜਾਵੇ।

8) ਉਮੀਦਵਾਰ ਇੱਕ ਅਸਾਮੀ ਲਈ ਇਕ ਹੀ ਬਿਨੈ ਪੱਤਰ ਭਰ ਸਕੇਗਾ ।

**9) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:-**

1. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭਾਗੂ (ਸ਼੍ਰੀ ਮੁਕਤਸਰ ਸਾਹਿਬ)
2. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਕੋਟਭਾਈ (ਸ਼੍ਰੀ ਮੁਕਤਸਰ ਸਾਹਿਬ)
3. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸੀਰਵਾਲੀ-ਭੰਗੇਵਾਲਾ (ਸ਼੍ਰੀ ਮੁਕਤਸਰ ਸਾਹਿਬ)
4. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸ਼ਹਿਜਾਦਾ ਸੰਤ ਸਿੰਘ (ਫਿਰੋਜਪੁਰ)
5. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਨੰਦਗੜ੍ਹ (ਬਠਿੰਡਾ)
6. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਧਰਦਿਓ ਬੁੱਟਰ (ਅੰਮ੍ਰਿਤਸਰ)
7. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਜਵਾਹਰ ਸਿੰਘ ਵਾਲਾ (ਮੋਗਾ)
8. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਖੰਭਾ (ਮੋਗਾ)
9. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਖਟਕੜ੍ਹ ਕਲਾਂ (ਸ.ਭ.ਸ.ਨਗਰ)
10. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਰਾਣੀਵਾਲਾ (ਸ਼੍ਰੀ ਮੁਕਤਸਰ ਸਾਹਿਬ)
11. ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਈਨਾ ਖੇੜਾ (ਸ਼੍ਰੀ ਮੁਕਤਸਰ ਸਾਹਿਬ)

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।